**Government of Punjab**
**Department of Housing and Urban Development**
**(Housing-1 Branch)**

**Notification No:** 10/6/2021-6H1/237 **Date:** 20/2/2025.

Whereas in order to recover the outstanding installments from allottees of Urban Development Authorities of Punjab in respect of allotted/auctioned Plots/Sites and with a view to mitigate the litigations in this regard, the Governor of Punjab is pleased to notify the following Amnesty Policy 2025 for all Urban Development Authorities of Punjab: -

## AMNESTY POLICY - 2025

### I. Applicability of Policy

1. This Policy shall be applicable on all the properties allotted/auctioned by all the Development Authorities or transferred through any mode of allotment/auction.
2. This policy shall be applicable for allottees who have defaulted in payment of their installments due after 31.12.2013 (including installments of additional FAR) and where an allottee has made part default of Installments due up to 31.12.2013 and also part default of installments due after 31.12.2013 however, the benefit of this Amnesty Policy shall be available only on installments due after 31.12.2013.
3. This Policy shall also be applicable in all cases including those where allotment of property has been cancelled or cases pending in appeal/revision or litigation, except for such cases, where physical possession of the property already stands taken over by the Authority.
4. This Policy shall also be applicable only to those cases where at least 20% of the cost of the plot/site stands deposited initially as per the allotment /auction rate and scheme interest shall be charged as per this policy.
5. This Amnesty Policy shall also be applicable on such cases in which the allottees have made payment of their dues after the stipulated period given in the allotment letter but their delay in making the payment of dues could not be condoned. However, the allottees shall be bound to deposit the Balance dues, if any, under this Amnesty Policy.
6. The Policy shall also be applicable to those cases where the allottee has not defaulted any payment of installments but could not fulfill the terms and conditions of the allotment letter with respect to implementation of the project and condition of construction period as specified in the allotment letter.
7. The Policy shall further be applicable to those cases where the allottee has both defaulted the payment of installments as stated above and also could not fulfill the terms and conditions of the allotment letter with respect to implementation of the project and condition of construction period as specified in the allotment letter.
8. This Policy shall be applicable from 1st March 2025 and remain valid for a period of 09 months .
9. Further, this Policy shall supersede all other Policies of this Department for the time being in vogue.

## II. Procedure

1. Allottee can apply for the Amnesty Policy himself or through an authorized representative.

2. The allottee who is interested to avail benefit under this Policy, would be bound to submit an application with the Estate Officer of Concerned Authority within 04 months from the date of Publication of Public Notice in newspapers and on website (www.Puda.gov.in). In his application, he will also mention email id or whatsapp number, at which he seeks response. The said application shall be submitted in Form **"A"** attached with this Policy.

3. After receipt of the application, within 02 months, the allottee shall be intimated about the lumpsum amount payable as per policy through a written communication by the Concerned Estate Officer sent on his/her email or whatsapp number.

4. Once the applicant submits his application in the Estate Office of the Authority and an acknowledgement receipt is issued to him, the period from the date of receipt of application to the date of payment of dues to him shall be considered as processing/Zero period in which no interest/penalty shall be charged from the allottee.

5. The due amount intimated to the applicant shall be final and the allottee would be bound to pay the same to the Authority by way of E-Bank transfer or through Demand Draft within 03 months of intimation of such amount. In case of delay, application shall not be considered under this policy and shall be governed by earlier applicable rules.

## III. Mode of Payment

1. (a) The defaulter allottees shall be liable to deposit the lump sum amount of all defaulted installments along with scheme rate of interest upto the date of application as conveyed by concerned authority, within the time period stipulated under this Policy and no penalty shall be charged over this amount.

   (b) The defaulter allottees shall also be liable to deposit the Extension Fee as described below:

   (i) 50% amount of Extension Fee (Non-Construction Fee) due upto the end of the month of submitting application under this Policy, in case of all residential and commercial plots and chunk sites.

   (ii) Extension Fee @2.5% of the allotment price/auction price in the case of Institutional Sites/Hospital Sites/Industrial plots allotted in IT City, SAS Nagar or any other Scheme of the Development Authorities, where implementation period of Projects stands expired or is going to expire on 31.12.2025. The said allottees/auction purchasers shall be granted further period of 3 years for fulfillment of all conditions of the allotment letter. This period of 3 years shall be counted from the date of deposit of defaulted amount (if applicable) and of Extension fee.

2. However, in case of noncompliance of terms and conditions of allotment further in this extended period of 3 years, the incentives given to the allottee under this policy shall be taken back from the allottee and the said allottee shall be governed by the original/earlier applicable rules/conditions and policies applicable at the time of allotment.

**IV Other Terms and Conditions:**

1. The allottee shall also file an application of withdrawal of his/her appeals/revisions/Court cases/consumer cases etc. filed by him/her before the Statutory Authority/Courts of Law and submit an affidavit for the same to the Estate Officer along with the certified copy and payment conveyed to him within stipulated period period. After which the Estate Officer of the concerned Authority shall pass an order restoring the plot/site. In case such appeal/revision has been filed by the concerned Authority, it shall also be withdrawn.

2. In case the allottee is not satisfied with the amount communicated to him as per PARA III, then he/she shall be liable to pay the conveyed amount within the stipulated time as mentioned in the policy and parallelly he/she can submit an application in Form "B" attached to this Policy, mentioning the amount which according to him should have been charged from him/her.

3. The Officer Committee will consider his Form "B" after affording opportunity of personal hearing to the applicant in view of Principle of Natural Justice and going through the office record. The Committee will submit its recommendations to the concerned Chief Administrator -who will be the Competent Authority for deciding the claim in Form "B" and he/she shall do so by way of a speaking order. The decision passed by Competent Authority shall be final. This entire process shall be completed in one year and if the decision comes in the favour of the applicant, the excess amount so charged from him/her shall be refunded without any interest within further 6 months of the issuance of the Speaking Order by the Competent Authority.

4. Committee to decide on all Form "B" applications shall consist of Additional Chief Administrator, Estate Officer and Senior Accounts Officer/Accounts Officer of the Authority (With SAO/AO being the Convener).

5. In case of any issue or difficulty regarding interpretation of any clause of this Policy, then a Committee of ACA (HQ) PUDA, ACA (F & A), PUDA and Estate Officer (Policy), PUDA shall be the Competent Authority to interpret the same. Any appeal relating to interpretation made by this Committee can be preferred before the Principal SSecretary, Department of Housing and Urban Development or an Officer nominated by Government, whose decision shall be final and binding on the parties.

6. The Chief Administrators of the Authorities shall initiate action as per various provisions of law against those individuals who do not avail of this Amnesty policy and are otherwise in default.

**Place:- Chandigarh**
**Dated:- 20.02.2025**

**Rahul Tewari**
**Principal Secretary, Govt. of Punjab**
**Department of Housing and Urban Development**

Endst No. 10/6/2021-6HI/238 Date; Chandigarh 20/2/2025

A copy is forwarded to the Controller, Printing & Stationary, Punjab, Sahibzada Ajit Singh Nagar with a request to publish this notification in the Punjab Govt. Gazette (Extra Ordinary).

**Special Secretary**

## FORM-A

To

The Estate Officer,

(Authority)

**Subject:** **Application for availing benefit of Amnesty Policy-2025.**

Sir,

I, _______________ (Name of the applicant) ___________, owner of _________ (Details of the property) _____________________________ am interested to avail benefit under Amnesty Policy, 2025.

(i) I/we have read the Amnesty Policy 2025 issued by the Government& agree to abide by all the terms/conditions laid down in the provisions of this policy.

(ii) I/we understand that violation of any of the conditions of this policy would mean automatic withdrawal of benefits extended under the policy.

(iii) I/we undertake to withdraw all complaints/appeals/civil suits/petitions in respect of our allotted properties filed against the Authority and submit proof of the same at the time of deposition of my dues.

Kindly intimate the lumpsum amount payable by me as per Amnesty Policy- 2025, which I shall deposit within a maximum of 03 months of such intimation.

Dated: Signature of the Applicant

Name:

Email id:

Whats App No.:

## FORM-B

To

The Estate Officer,

(Authority)

**Subject:** **Application for re-determination of amount under Amnesty Policy, 2025.**

Sir,

1. I have been asked to deposit total amount……….to avail of the Amnesty Policy 2025. I have deposited the amount and availed the benefit of the policy.
2. However, I am not satisfied with the amount communicated by you vide Memo No. _______________ dated ___________, due to the following reason:-

| **Detail of Amount** | **Amount** |
|---|---|
| Amount communicated to me | |
| Amount payable as per my calculation under Amnesty Policy | |
| Reasons: | |

3. It is requested to refer my case to the Committee of Officers for re-determination of total amount payable by me under this policy.
4. I undertake to abide by the decision of the Competent Authority regarding my Form "B".

Dated: Signature of the Applicant

Email id:

Whats App No.

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ -1 ਸ਼ਾਖਾ)

ਅਧਿਸੂਚਨਾਂ ਨੰ: 10/6/2021-6ਮਉ1/237 ਮਿਤੀ: 20/2/2025

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾਪੂਰਵ ਪੰਜਾਬ ਰਾਜ ਦੀਆਂ ਸਮੂਹ ਵਿਕਾਸ ਅਥਾਰਟੀਆਂ ਵੱਲੋਂ ਅਲਾਟਮੈਂਟ/ਨਿਲਾਮੀ ਰਾਹੀਂ ਅਲਾਟ ਕੀਤੇ ਗਏ ਪਲਾਟ/ਸਾਈਟਾਂ ਦੇ ਅਲਾਟੀਆਂ ਤੋ ਬਕਾਇਆਂ ਰਾਸ਼ੀ ਵਸੂਲ ਕਰਨ ਅਤੇ ਇਸਤੋਂ ਹੋਣ ਵਾਲੀ ਲਿਟੀਗੇਸ਼ਨ ਨੂੰ ਘਟਾਉਂਣ ਦੇ ਮੰਤਵ ਲਈ ਪੰਜਾਬ ਰਾਜ ਵਿੱਚ ਹੇਠ ਲਿਖੇ ਅਨੁਸਾਰ ਐਮਨੈਸਟੀ ਪਾਲਿਸੀ 2025 ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

## ਐਮਨੈਸਟੀ ਪਾਲਿਸੀ 2025

(ੳ) ਪਾਲਿਸੀ ਤਹਿਤ ਅਪਲਾਈ ਕਰਨ ਦੀ ਯੋਗਤਾ:

1. ਇਹ ਪਾਲਿਸੀ ਵਿਭਾਗ ਦੇ ਪ੍ਰਬੰਧਕੀ ਕੰਟਰੋਲ ਅਧੀਨ ਆਉਂਦੀਆਂ ਸਮੂਹ ਵਿਕਾਸ ਅਥਾਰਟੀਆਂ ਵੱਲੋਂ ਅਲਾਟਮੈਂਟ/ਨਿਲਾਮੀ ਦੀ ਵਿਧੀ ਰਾਹੀਂ ਵੇਚੀਆਂ ਜਾਂ ਟਰਾਂਸਫਰ ਕੀਤੀਆਂ ਗਈਆਂ ਜਾਇਦਾਦਾਂ ਤੇ ਲਾਗੂ ਹੋਵੇਗੀ।
2. ਇਹ ਪਾਲਿਸੀ ਉਹਨਾਂ ਅਲਾਟੀਆਂ ਤੇ ਲਾਗੂ ਹੋਵੇਗੀ ਜਿਹਨਾਂ ਦੀਆਂ ਕਿਸ਼ਤਾਂ ਦੇ ਭੁਗਤਾਨ ਵਿੱਚ ਮਿਤੀ 31.12.2013 ਤੋਂ ਬਾਅਦ ਡਿਫਾਲਟ ਹੈ (ਵਾਧੂ ਫਲੌਰ ਏਰੀਆ ਅਨੁਪਾਤ ਦੀਆਂ ਕਿਸ਼ਤਾਂ ਸਮੇਤ)। ਜੇਕਰ ਕਿਸੇ ਅਲਾਟੀ ਵੱਲੋਂ ਮਿਤੀ 31.12.2013 ਤੱਕ ਦੀਆਂ ਕਿਸ਼ਤਾਂ ਦਾ ਕੁੱਝ ਹਿੱਸੇ ਦਾ ਡਿਫਾਲਟ (Part default of installments) ਕੀਤਾ ਗਿਆ ਹੈ ਅਤੇ ਮਿਤੀ 31.12.2013 ਤੋਂ ਬਾਅਦ ਦੀਆਂ ਕਿਸ਼ਤਾਂ ਦੇ ਕੁੱਝ ਹਿੱਸੇ ਵਿੱਚ ਡਿਫਾਲਟ (Part default of installments) ਹੈ ਤਾਂ ਇਹ ਪਾਲਿਸੀ ਦਾ ਲਾਭ ਮਿਤੀ 31.12.2013 ਤੋਂ ਬਾਅਦ ਦੀਆਂ ਕਿਸ਼ਤਾਂ ਤੇ ਲਾਗੂ ਹੋਵੇਗਾ।
3. ਇਹ ਪਾਲਿਸੀ ਉਨ੍ਹਾਂ ਸਾਰੇ ਮਾਮਲਿਆਂ ਤੇ ਵੀ ਲਾਗੂ ਹੋਵੇਗੀ ਜਿੱਥੇ ਜਾਇਦਾਦ ਦੀ ਅਲਾਟਮੈਂਟ ਰੱਦ ਕਰ ਦਿੱਤੀ ਗਈ ਹੋਵੇ ਜਾਂ ਅਪੀਲ /ਰਵੀਜ਼ਨ ਜਾਂ ਮੁੱਕਦਮੇ ਲੰਬਿਤ ਹੋਣ।ਪ੍ਰੰਤੂ ਜਿਨ੍ਹਾਂ ਕੇਸਾਂ ਵਿੱਚ ਜਾਇਦਾਦਾਂ ਦਾ ਭੌਤਿਕ ਕਬਜਾ ਪਹਿਲਾਂ ਹੀ ਸਬੰਧਤ ਅਥਾਰਟੀ ਵੱਲੋਂ ਲਿਆ ਜਾ ਚੁੱਕਾ ਹੈ ਉਹਨਾਂ ਤੇ ਇਹ ਪਾਲਿਸੀ ਲਾਗੂ ਨਹੀਂ ਹੋਵੇਗੀ ।
4. ਇਹ ਪਾਲਿਸੀ ਕੇਵਲ ਉਹਨਾਂ ਕੇਸਾਂ ਤੇ ਲਾਗੂ ਹੋਵੇਗੀ ਜਿੱਥੇ ਅਲਾਟੀਆਂ ਵੱਲੋਂ ਪਲਾਟ/ਸਾਈਟ ਦੀ ਕੀਮਤ ਦਾ ਘੱਟੋਂ-ਘੱਟ 20% ਅਲਾਟਮੈਂਟ/ਨਿਲਾਮੀ ਦਰ ਦੇ ਅਨੁਸਾਰ ਸ਼ੁਰੂ ਵਿੱਚ ਜਮ੍ਹਾਂ ਕਰਵਾਇਆ ਗਿਆ ਹੋਵੇ ਅਤੇ ਸਬੰਧਤ ਸਕੀਮ ਦਾ ਵਿਆਜ਼ ਇਸ ਪਾਲਿਸੀ ਤਹਿਤ ਲਿਆ ਜਾਵੇਗਾ।
5. ਇਹ ਪਾਲਿਸੀ ਉਹਨਾਂ ਕੇਸਾਂ ਤੇ ਵੀ ਲਾਗੂ ਹੋਵੇਗੀ ਜਿੱਥੇ ਅਲਾਟੀਆਂ ਵੱਲੋਂ ਬਕਾਇਆ ਰਾਸ਼ੀ ਅਲਾਟਮੈਂਟ ਪੱਤਰ ਵਿੱਚ ਦਰਸਾਏ ਗਏ ਨਿਰਧਾਰਿਤ ਸਮੇਂ ਤੋਂ ਬਾਅਦ ਜਮ੍ਹਾਂ ਕਰਵਾਈ ਗਈ ਹੈ ਪ੍ਰੰਤੂ ਅਲਾਟੀ ਵੱਲੋਂ ਰਕਮ ਜਮ੍ਹਾ ਕਰਵਾਉਂਣ ਵਿੱਚ ਹੋਈ ਦੇਰੀ ਦੇ ਸਮੇ ਨੂੰ ਸਬੰਧਤ ਵਿਕਾਸ

ਅਥਾਰਟੀ ਵੱਲੋਂ ਮੁਆਫ ਨਹੀਂ ਕੀਤਾ ਗਿਆ।ਇਸ ਪਾਲਿਸੀ ਤਹਿਤ ਉਕਤ ਅਲਾਟੀ ਬਕਾਇਆ ਰਾਸ਼ੀ ਜੇਕਰ ਕੋਈ ਹੈ, ਨੂੰ ਜਮ੍ਹਾ ਕਰਵਾਉਂਣ ਲਈ ਪਾਬੰਦ ਹੋਣਗੇ।

6. ਇਹ ਪਾਲਿਸੀ ਉਹਨਾਂ ਕੇਸਾਂ ਤੇ ਵੀ ਲਾਗੂ ਹੋਵੇਗੀ ਜਿੱਥੇ ਅਲਾਟੀਆਂ ਵੱਲੋਂ ਕਿਸਤਾਂ ਦੇ ਭੁਗਤਾਨ ਵਿੱਚ ਕੋਈ ਡਿਫਾਲਟ ਨਹੀਂ ਕੀਤਾ ਗਿਆ ਪ੍ਰੰਤੂ ਪ੍ਰੋਜੈਕਟ ਨੂੰ ਲਾਗੂ ਕਰਨ ਸਬੰਧੀ ਅਲਾਟਮੈਂਟ ਪੱਤਰ ਵਿੱਚ ਦਰਸਾਏ ਗਏ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਨਹੀਂ ਕਰ ਸਕੇ।

7. ਇਹ ਪਾਲਿਸੀ ਉਹਨਾਂ ਅਲਾਟੀਆਂ ਤੇ ਵੀ ਲਾਗੂ ਹੋਵੇਗੀ ਜਿਨ੍ਹਾਂ ਵੱਲੋਂ ਕਿਸ਼ਤਾਂ ਦਾ ਭੁਗਤਾਨ ਕਰਨ ਦੇ ਨਾਲ-ਨਾਲ ਪ੍ਰੋਜੈਕਟ ਨੂੰ ਲਾਗੂ ਕਰਨ ਅਤੇ ਨਿਰਮਾਣ ਅਵਧੀ ਨਾਲ ਸਬੰਧਤ ਅਲਾਟਮੈਂਟ ਪੱਤਰ ਵਿੱਚ ਦਰਸਾਏ ਗਏ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ।

8. ਇਹ ਪਾਲਿਸੀ ਮਿਤੀ 01.03.2025 ਤੋਂ ਲਾਗੂ ਹੋਵੇਗੀ ਅਤੇ ਇਸ ਦੀ ਮਿਆਦ ਅਗਲੇ 09 ਮਹੀਨਿਆਂ ਤੱਕ ਰਹੇਗੀ।

9. ਇਹ ਪਾਲਿਸੀ ਮੌਜੂਦਾ ਸਮੇਂ ਇਸ ਮਾਮਲੇ ਨਾਲ ਸਬੰਧਤ ਵਿਭਾਗ ਦੀਆਂ ਹੋਰ ਪਾਲਿਸੀਆਂ ਨੂੰ ਅਧਿਕਾਰਤ ਤੌਰ ਤੇ ਰੱਦ ਕਰੇਗੀ।

(ਅ) <u>ਪ੍ਰੀਕ੍ਰਿਆ:</u>

1. ਅਲਾਟੀ ਖੁਦ ਜਾਂ ਆਪਣੇ ਅਧਿਕਾਰਤ ਪ੍ਰਤੀਨਿਧੀ ਰਾਹੀਂ ਐਮਨੈਸਟੀ ਪਾਲਿਸੀ ਲਈ ਅਰਜ਼ੀ ਦੇ ਸਕਦਾ ਹੈ।

2. ਇਹ ਪਾਲਿਸੀ ਅਧੀਨ ਲਾਭ ਲੈਣ ਵਿੱਚ ਰੂਚੀ ਰੱਖਣ ਵਾਲਾ ਅਲਾਟੀ ਅਖਬਾਰਾਂ ਅਤੇ ਵੈਬੱਸਾਈਟ (www.puda.gov.in) ਤੇ ਜਨਤਕ ਸੂਚਨਾਂ ਪ੍ਰਕਾਸ਼ਿਤ ਹੋਣ ਦੀ ਤਾਰੀਖ ਤੋਂ 04 ਮਹੀਨਿਆਂ ਦੇ ਅੰਦਰ ਸਬੰਧਤ ਅਥਾਰਟੀ ਦੇ ਅਸਟੇਟ ਅਫਸਰ ਕੋਲ ਬਿਨੈ-ਪੱਤਰ ਜਮ੍ਹਾਂ ਕਰਵਾਉਂਣ ਲਈ ਪਾਬੰਦ ਹੋਵੇਗਾ।ਆਪਣੀ ਅਰਜ਼ੀ ਵਿੱਚ, ਉਹ ਈ.ਮੇਲ. ਆਈ.ਡੀ. ਜਾਂ ਵਟਸਐਪ ਨੰਬਰ ਦਾ ਵੀ ਜ਼ਿਕਰ ਕਰੇਗਾ, ਜਿਸਤੇ ਉਹ ਜਵਾਬ ਲੈਣਾ ਚਾਹੁੰਦਾ ਹੈ। ਇਹ ਅਰਜੀ ਪਾਲਿਸੀ ਦੇ <u>ਫਾਰਮ ਏ</u> ਵਿੱਚ ਭਰਕੇ ਜਮ੍ਹਾ ਕਰਵਾਈ ਜਾਵੇ।

3. ਬਿਨੈ-ਪੱਤਰ ਪ੍ਰਾਪਤ ਹੋਣ ਤੋਂ ਬਾਅਦ, 02 ਮਹੀਨਿਆਂ ਦੇ ਅੰਦਰ ਸਬੰਧਤ ਅਸਟੇਟ ਅਫਸਰ ਲਿਖਤ ਸੂਚਨਾਂ ਰਾਹੀਂ ਈ.ਮੇਲ. ਜਾਂ ਵਟਸਐਪ ਨੰਬਰ ਤੇ ਅਲਾਟੀਆਂ ਨੂੰ ਪਾਲਿਸੀ ਅਨੁਸਾਰ ਜਮ੍ਹਾਂ ਕਰਨ ਯੋਗ ਕੁੱਲ ਰਕਮ ਬਾਰੇ ਸੂਚਿਤ ਕੀਤਾ ਜਾਵੇਗਾ।

4. ਜਦੋਂ ਬਿਨੈਕਾਰ ਆਪਣੀ ਅਰਜ਼ੀ ਸਬੰਧਤ ਅਥਾਰਟੀ ਦੇ ਅਸਟੇਟ ਦਫਤਰ ਵਿਖੇ ਜਮ੍ਹਾਂ ਕਰਵਾਏਗਾ ਤਾਂ ਉਸਨੂੰ ਇੱਕ ਰਸੀਦ ਜਾਰੀ ਕੀਤੀ ਜਾਵੇਗੀ।ਅਰਜ਼ੀ ਪ੍ਰਾਪਤੀ ਦੀ ਤਾਰੀਖ ਤੋਂ ਬਕਾਏ ਦੇ ਭੁਗਤਾਨ ਦੀ ਮਿਤੀ ਤੱਕ ਦੀ ਮਿਆਦ ਨੂੰ ਪ੍ਰੋਸੈਸਿੰਗ/ਜ਼ੀਰੋ ਪੀਰੀਅਡ ਮੰਨਿਆ ਜਾਵੇਗਾ ਜਿਸ ਵਿੱਚ ਅਲਾਟੀ ਤੋਂ ਕੋਈ ਵੀ ਵਿਆਜ਼/ਜੁਰਮਾਨਾਂ ਨਹੀਂ ਲਿਆ ਜਾਵੇਗਾ।

5. ਬਿਨੈਕਾਰ ਨੂੰ ਸੂਚਿਤ ਕੀਤੀ ਗਈ ਬਕਾਇਆ ਰਾਸ਼ੀ ਅੰਤਿਮ ਹੋਵੇਗੀ ਅਤੇ ਅਲਾਟੀ ਇਹ ਰਕਮ ਸਬੰਧਤ ਅਥਾਰਟੀ ਨੂੰ ਈ-ਬੈਂਕ ਟ੍ਰਾਂਸਫਰ ਜਾਂ ਡਿਮਾਂਡ ਡਰਾਫਟ ਰਾਹੀਂ ਸੂਚਨਾਂ ਮਿਲਣ ਦੇ 03 ਮਹੀਨਿਆਂ ਦੇ ਅੰਦਰ ਜਮ੍ਹਾਂ ਕਰਵਾਉਂਣ ਲਈ ਪਾਬੰਦ ਹੋਵੇਗਾ। ਜੇਕਰ ਉਕਤ ਰਾਸ਼ੀ ਜਮ੍ਹਾਂ ਕਰਵਾਉਂਣ ਵਿੱਚ ਦੇਰੀ ਹੁੰਦੀ ਹੈ ਤਾਂ ਬਿਨੈਕਾਰ ਦੀ ਅਰਜ਼ੀ ਨੂੰ ਇਸ ਪਾਲਿਸੀ ਅਧੀਨ ਵਿਚਾਰਿਆਂ ਨਹੀਂ ਜਾਵੇਗਾ ਅਤੇ ਇਸਤੇ ਪਹਿਲਾਂ ਲਾਗੂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

(ੲ) <u>ਭੁਗਤਾਨ ਦਾ ਤਰੀਕਾ</u>:-

1.(ੳ)ਡਿਫਾਲਟਰ ਅਲਾਟੀਆਂ ਨੂੰ ਆਪਣੀਆਂ ਸਾਰੀਆਂ ਬਕਾਇਆ ਕਿਸ਼ਤਾਂ ਦੀ ਕੁੱਲ ਰਕਮ, ਯੋਜਨਾ ਦੀ ਦਰ ਅਨੁਸਾਰ ਵਿਆਜ਼ ਸਮੇਤ ਜੋ ਸਬੰਧਤ ਅਥਾਰਟੀ ਦੁਆਰਾ ਅਰਜ਼ੀ ਦੀ ਤਾਰੀਖ ਤੱਕ ਸੂਚਿਤ ਕੀਤੀ ਜਾਵੇਗੀ, ਇਸ ਪਾਲਿਸੀ ਅਧੀਨ ਨਿਰਧਾਰਿਤ ਮਿਆਦ ਦੇ ਅੰਦਰ ਜਮ੍ਹਾਂ ਕਰਨੀ ਲਾਜ਼ਮੀ ਹੋਵੇਗੀ। ਇਸ ਰਕਮ ਤੋਂ ਕੋਈ ਜੁਰਮਾਨਾਂ ਨਹੀਂ ਲਗਾਇਆ ਜਾਵੇਗਾ।

(ਅ)ਡਿਫਾਲਟਰ ਅਲਾਟੀ ਹੇਠ ਦਰਸਾਏ ਅਨੁਸਾਰ ਐਕਸਟੈਂਸ਼ਨ ਫੀਸ (ਨਾਨ ਉਸਾਰੀ ਫੀਸ) ਜਮ੍ਹਾ ਕਰਵਾਉਂਣ ਲਈ ਪਾਬੰਦ ਹੋਣਗੇ:-

(i) ਇਸ ਪਾਲਿਸੀ ਤਹਿਤ ਸਬੰਧਤ ਅਲਾਟੀ ਵੱਲੋਂ ਰਿਹਾਇਸ਼ੀ/ਵਪਾਰਕ ਪਲਾਟਾਂ ਅਤੇ ਚੰਕ ਸਾਈਟਾਂ ਦੇ ਮਾਮਲੇ ਵਿੱਚ ਬਿਨੈ-ਪੱਤਰ ਜਮ੍ਹਾਂ ਕਰਨ ਦੇ ਮਹੀਨੇ ਦੇ ਅੰਤ ਤੱਕ 50% ਐਕਸਟੈਂਸ਼ਨ ਫੀਸ (ਨਾਨ ਉਸਾਰੀ ਫੀਸ ) ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

(ii) ਜਿੱਥੇ ਪ੍ਰਾਜੈਕਟ ਨੂੰ ਲਾਗੂ ਕਰਨ ਦੀ ਮਿਆਦ ਸਮਾਪਤ ਹੋ ਚੁੱਕੀ ਹੈ ਜਾਂ ਮਿਤੀ 31.12.2025 ਨੂੰ ਖਤਮ ਹੋਣ ਵਾਲੀ ਹੈ, ਉਨ੍ਹਾਂ ਅਲਾਟੀਆਂ ਲਈ 2.5% ਦੀ ਦਰ ਨਾਲ ਵਾਧੂ ਫੀਸ ਅਲਾਟਮੈਂਟ ਕੀਮਤ/ਨਿਲਾਮੀ ਕੀਮਤ ਤੇ ਵਸੂਲੀ ਜਾਵੇਗੀ। ਇਸ ਪਾਲਿਸੀ ਦੇ ਤਹਿਤ, ਇਨ੍ਹਾਂ ਅਲਾਟੀਆਂ/ਨਿਲਾਮੀ ਖਰੀਦਦਾਰਾਂ ਨੂੰ 3 ਸਾਲ ਦਾ ਹੋਰ ਸਮਾਂ ਦਿੱਤਾ ਜਾਵੇਗਾ ਤਾਂ ਜ਼ੋ ਅਲਾਟਮੈਂਟ ਪੱਤਰ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕੀਤਾ ਜਾ ਸਕੇ। ਇਹ 3 ਸਾਲ ਦੀ ਮਿਆਦ ਅਲਾਟੀ ਵੱਲੋਂ ਡਿਫਾਲਟ ਕੀਤੀ ਗਈ ਰਕਮ/ਐਕਸਟੈਸ਼ ਫੀਸ ਜਮ੍ਹਾ ਕਰਵਾਉਂਣ ਦੀ ਤਰੀਖ ਤੋਂ ਗਿਣੀ ਜਾਵੇਗੀ।

2. ਜੇਕਰ ਇਸ 3 ਸਾਲ ਦੀ ਵਧਾਈ ਗਈ ਮਿਆਦ ਦੌਰਾਨ ਅਲਾਟੀ ਵੱਲੋਂ ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਤੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਸ ਪਾਲਿਸੀ ਤਹਿਤ ਅਲਾਟੀਆਂ ਨੂੰ ਦਿੱਤੀਆਂ ਗਈਆਂ ਸਹੂਲਤਾਂ/ਪ੍ਰੋਤਸਾਹਨਾਂ ਨੂੰ ਵਾਪਸ ਲੈ ਲਿਆ ਜਾਵੇਗਾ ਅਤੇ ਉਕਤ ਅਲਾਟੀ ਤੇ ਅਲਾਟਮੈਂਟ ਸਮੇਂ ਲਾਗੂ ਨਿਯਮਾਂ/ਸ਼ਰਤਾਂ ਅਤੇ ਨੀਤੀਆਂ ਤਹਿਤ ਕਾਰਵਾਈ ਕੀਤੀ ਜਾਵੇਗੀ।

(ਸ) <u>ਹੋਰ ਸ਼ਰਤਾਂ ਅਤੇ ਬਾਨਾਂ</u>-

1. ਅਲਾਟੀ ਦੁਆਰਾ ਇਸ ਪਾਲਿਸੀ ਤਹਿਤ ਲਾਭ ਪ੍ਰਾਪਤ ਕਰਨ ਦੇ ਮੰਤਵ ਲਈ ਸਟੈਚੁਟਰੀ ਅਥਾਰਟੀ/ ਵੱਖ-ਵੱਖ ਅਦਾਲਤਾਂ ਵਿਖੇ ਦਾਇਰ ਕੀਤੀਆਂ ਗਈਆਂ ਅਪੀਲਾਂ/ਰਵੀਜ਼ਨਾਂ/ਕੋਰਟ ਕੇਟ/ਖਪਤਕਾਰ ਕੇਸ ਆਦਿ ਵਾਪਸ ਲੈਣ ਹਿੱਤ ਅਰਜ਼ੀ ਦਾਇਰ ਕੀਤੀ ਜਾਵੇਗੀ ਅਤੇ ਅਲਾਟੀ ਵੱਲੋਂ ਇਸ ਬਾਬਤ ਸਬੰਧਤ ਅਥਾਰਟੀ ਦੇ ਅਸਟੇਟ ਅਫਸਰ ਨੂੰ ਇੱਕ ਹਲਫਿਆ ਬਿਆਨ, ਤਸਦੀਕਸੁਦਾ ਨਕਲ ਸਮੇਤ ਪਾਲਿਸੀ ਅਨੁਸਾਰ ਨਿਰਧਾਰਿਤ ਕੀਤੀ ਗਈ ਬਕਾਇਆ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ।ਇਸ ਉਪਰੰਤ ਸਬੰਧਤ ਅਥਾਰਟੀ ਦੇ ਅਸਟੇਟ ਅਫਸਰ ਵੱਲੋਂ ਪਲਾਟ/ਸਾਈਟ ਨੂੰ ਬਹਾਲ ਕਰਨ ਸਬੰਧੀ ਹੁਕਮ ਜਾਰੀ ਕੀਤੇ ਜਾਣਗੇ। ਜੇਕਰ ਅਪੀਲ/ਰਵੀਜ਼ਨ ਸਬੰਧਤ ਅਥਾਰਟੀ ਦੁਆਰਾ ਦਾਇਰ ਕੀਤੀ ਗਈ ਹੈ ਤਾਂ ਉਕਤ ਦਫਤਰ ਵੱਲੋਂ ਉਸਨੂੰ ਵਾਪਸ ਲੈ ਲਿਆ ਜਾਵੇਗਾ।

2. ਜੇਕਰ ਅਲਾਟੀ ਪੈਰ੍ਹਾਂ ਨੰ: ੲ ਵਿੱਚ ਦਰਸਾਏ ਅਨੁਸਾਰ ਬਕਾਇਆ ਰਾਸ਼ੀ ਤੋਂ ਸੰਤੁਸ਼ਟ ਨਹੀਂ ਹੋਵੇਗਾ ਤਾਂ ਅਲਾਟੀ ਵੱਲੋਂ ਪਾਲਿਸੀ ਵਿੱਚ ਦਰਸਾਏ ਗਏ ਨਿਰਧਾਰਿਤ ਸਮੇਂ ਦੇ ਅੰਦਰ ਰਾਸ਼ੀ

ਦਾ ਭੁਗਤਾਨ ਕਰਨ ਦੇ ਨਾਲ ਨਾਲ ਪਾਲਿਸੀ ਵਿੱਚ ਦਰਜ ਅਰਜ਼ੀ ਦੇ ਫਾਰਮ ਬੀ ਵਿੱਚ ਉਸ ਵੱਲੋਂ ਰਕਮ ਦਾ ਜ਼ਿਕਰ ਕੀਤਾ ਜਾਵੇਗਾ ਜ਼ੋ ਉਸਦੇ ਹਿਸਾਬ ਨਾਲ ਵਸੂਲਣਯੋਗ ਹੋਵੇਗੀ।

3. ਅਫਸਰ ਕਮੇਟੀ ਵੱਲੋਂ ਬਿਨੈਕਾਰ ਵੱਲੋਂ ਜਮ੍ਹਾ ਕਰਵਾਏ ਗਏ ਫਾਰਮ 'ਬੀ' ਸਬੰਧੀ ਫੈਸਲਾ ਲੈਣ ਹਿੱਤ ਕੁਦਰਤੀ ਨਿਆਂ ਦੇ ਸਿਧਾਂਤ ਅਨੁਸਾਰ ਸਬੰਧਤ ਅਲਾਟੀ ਨੂੰ ਨਿੱਜੀ ਸੁਣਾਵਈ ਦਾ ਮੌਕਾ ਦਿੱਤਾ ਜਾਵੇਗਾ ਅਤੇ ਦਫਤਰੀ ਰਿਕਾਰਡ ਦੀ ਜਾਂਚ ਕੀਤੀ ਜਾਵੇਗੀ।ਉਕਤ ਕਮੇਟੀ ਆਪਣੀਆਂ ਯੋਗ ਸਿਫਾਰਿਸ਼ਾਂ ਸਮਰੱਥ ਅਥਾਰਟੀ ਭਾਵ ਸਬੰਧਤ ਮੁੱਖ ਪ੍ਰਸ਼ਾਸਕ ਨੂੰ ਪੇਸ਼ ਕਰੇਗੀ ਜੋ ਕਿ ਇਸ ਸਬੰਧੀ ਮੂੰਹ ਬੋਲਦੇ ਹੁਕਮ ਜਾਰੀ ਕਰਨਗੇ।ਸਮਰੱਥ ਅਥਾਰਟੀ ਦੁਆਰਾ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।ਇਹ ਸਾਰੀ ਪ੍ਰੀਕ੍ਰਿਆ ਇੱਕ ਸਾਲ ਵਿੱਚ ਪੂਰੀ ਕੀਤੀ ਜਾਵੇਗੀ। ਜੇਕਰ ਉਕਤ ਫੈਸਲਾ ਬਿਨੈਕਾਰ ਦੇ ਹੱਕ ਵਿੱਚ ਹੁੰਦਾ ਹੈ ਤਾਂ ਉਸ ਤੋਂ ਲਈ ਗਈ ਵਾਧੂ ਰਕਮ ਦੀ ਅਦਾਇਗੀ ਸਮਰੱਥ ਅਥਾਰਟੀ ਵੱਲੋਂ ਮੂੰਹ ਬੋਲਦੇ ਹੁਕਮਾਂ ਰਾਹੀਂ ਲਏ ਫੈਸਲੇ ਦੇ 6 ਮਹੀਨਿਆਂ ਦੇ ਅੰਦਰ -ਅੰਦਰ ਬਿਨਾਂ ਕਿਸੇ ਵਿਆਜ਼ ਤੋਂ ਕਰ ਦਿੱਤੀ ਜਾਵੇਗੀ।

4. ਫਾਰਮ 'ਬੀ' ਦੀ ਅਰਜੀਆ ਤੇ ਫੈਸਲਾ ਲੈਣ ਹਿੱਤ ਗਠਿਤ ਕੀਤੀ ਜਾਣ ਵਾਲੀ ਅਫਸਰ ਕਮੇਟੀ ਵਿੱਚ ਸਬੰਧਤ ਵਿਸ਼ੇਸ ਵਿਕਾਸ ਅਥਾਰਟੀ ਦੇ ਵਧੀਕ ਮੁੱਖ ਪ੍ਰਸ਼ਾਸਕ, ਅਸਟੇਟ ਅਫਸਰ ਅਤੇ ਸੀਨੀਅਰ ਲੇਖਾ ਅਫਸਰ/ਲੇਖਾ ਅਫਸਰ (ਬਤੌਰ ਕਨਵੀਨਰ) ਸ਼ਾਮਿਲ ਹੋਣਗੇ।

5. ਜੇਕਰ ਇਸ ਪਾਲਿਸੀ ਵਿੱਚ ਦਰਜ ਕਿਸੇ ਕਲਾਜ਼ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ਜਾਂ ਪਾਲਿਸੀ ਦੇ ਕਿਸੇ ਕਲਾਜ਼ ਸਬੰਧੀ ਸਪੱਸ਼ਟਤ ਲੋੜੀਂਦੀ ਹੈ ਤਾਂ ਇਸ ਸਬੰਧੀ ਇੱਕ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜਿਸ ਵਿੱਚ ਵਧੀਕ ਮੁੱਖ ਪ੍ਰਸ਼ਾਸਕ (ਹੈਡਕੁਆਰਟਰ) ਪੁੱਡਾ, ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ), ਪੁੱਡਾ ਅਤੇ ਅਸਟੇਟ ਅਫਸਰ (ਪਾਲਿਸੀ) ਪੁੱਡਾ ਬਤੌਰ ਮੈਂਬਰ ਨਾਮਜਦ ਕੀਤਾ ਜਾਂਦਾ ਹੈ। ਉਕਤ ਕਮੇਟੀ ਵੱਲੋਂ ਲਏ ਗਏ ਫੈਸਲੇ ਸਬੰਧੀ ਪ੍ਰਮੁੱਖ ਸਕੱਤਰ ਜੀ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜਾਂ ਸਰਕਾਰ ਵੱਲੋਂ ਨਾਮਜਦ ਕੀਤੇ ਗਏ ਅਧਿਕਾਰੀ ਪਾਸ ਅਪੀਲ ਦਾਇਰ ਕੀਤੀ ਜਾ ਸਕਦੀ ਹੈ ਜਿਸਦਾ ਫੈਸਲਾ ਅੰਤਿਮ ਹੋਵੇਗਾ।

6. ਜੇਕਰ ਕੋਈ ਅਲਾਟੀ ਇਸ ਪਾਲਿਸੀ ਤਹਿਤ ਕਵਰ ਹੁੰਦਾ ਹੈ ਪ੍ਰੰਤੂ ਉਸ ਵੱਲੋਂ ਇਹ ਪਾਲਿਸੀ ਦਾ ਲਾਭ ਨਹੀਂ ਲਿਆ ਜਾਂਦਾ ਤਾਂ ਵਿਭਾਗ ਦੇ ਨਿਯਮਾਂ/ਹਦਾਇਤਾਂ ਅਨੁਸਾਰ ਉਸ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ।

ਸਥਾਨ ਚੰਡੀਗੜ੍ਹ
ਮਿਤੀ: 20.02.2025

ਰਾਹੁਲ ਤਿਵਾੜੀ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਪਿੱਠਅੰਕਣ ਨੰ: 10/6/2021-6ਸ਼ਤੀ1/238 ਮਿਤੀ: 20/2/2025.

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਭੇਜਦੇ ਹੋਏ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜਟ (ਅਸਾਧਾਰਣ) ਵਿੱਚ ਛੱਪਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਿਸ਼ੇਸ਼ ਸਕੱਤਰ

**ਫਾਰਮ ਏ**

ਸੇਵਾ ਵਿਖੇ,

ਐਸਟੇਟ ਅਫਸਰ,
(ਸਬੰਧਤ ਅਥਾਰਟੀ)

ਵਿਸ਼ਾ:- **ਐਮਨੇਸਟੀ ਪਾਲਿਸੀ 2025 ਦਾ ਲਾਭ ਲੈਣ ਲਈ ਅਰਜ਼ੀ।**

ਸਰ,

ਮੈਂ .................................... (ਬਿਨੈਕਾਰ ਦਾ ਨਾਮ), ............................... (ਜਾਇਦਾਦ ਦਾ ਵੇਰਵਾ) ਦਾ ਮਾਲਕ ਹਾਂ ਅਤੇ ਐਮਨੇਸਟੀ ਪਾਲਿਸੀ 2025 ਦਾ ਲਾਭ ਲੈਣ ਦਾ ਇਚਛੁਕ ਹਾਂ।

(i) ਮੈਂ/ ਅਸੀਂ ਐਮਨੇਸਟੀ ਪਾਲਿਸੀ 2025 ਪੜ੍ਹ ਲਿਆ ਹੈ ਅਤੇ ਇਸ ਪਾਲਿਸੀ ਵਿੱਚ ਦਰਜ ਸਾਰੇ ਨਿਯਮਾਂ/ਸ਼ਰਤਾਂ ਨੂੰ ਮੰਨਣ ਲਈ ਸਹਿਮਤ ਹਾਂ।

(ii) ਮੈਂ/ ਅਸੀਂ ਸਮਝਦਾ ਹਾਂ ਕਿ ਇਸ ਪਾਲਿਸੀ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਨ ਦਾ ਮਤਲਬ ਪਾਲਿਸੀ ਦੇ ਤਹਿਤ ਮਿਲੇ ਫਾਇਦੇ ਦਾ ਸਵੈਚਲਿਤ ਰੱਦ ਹੋ ਜਾਣਾ ਹੋਵੇਗਾ।

(iii) ਮੈਂ/ ਅਸੀਂ ਇਸ ਸਬੰਧ ਵਿੱਚ ਸਾਰੀਆਂ ਸ਼ਿਕਾਇਤਾ/ਅਪੀਲਾਂ/ਸਿਵਲ ਮਾਮਲੇ/ ਅਰਜ਼ੀਆਂ ਨੂੰ ਵਾਪਸ ਲੈਣ ਲਈ ਅਰਜ਼ੀ ਦੇਣ ਦਾ ਵਚਨ ਦਿੰਦਾ/ਦਿੰਦੀ ਹਾਂ ਅਤੇ ਆਪਣੇ ਬਕਾਇਆ ਜਮ੍ਹਾਂ ਕਰਾਉਣ ਸਮੇਂ ਇਸਦਾ ਸਬੂਤ ਪੇਸ਼ ਕਰਾਂਗਾ।

ਮੈਨੂੰ ਐਮਨੇਸਟੀ ਪਾਲਿਸੀ 2025 ਅਨੁਸਾਰ ਦਿੱਤੇ ਜਾਣ ਵਾਲੇ ਇਕਮੁਸਤ ਰਕਮ ਦੀ ਜਾਣਕਾਰੀ ਦਿੰਦੇ ਹੋਏ ਸੂਚਿਤ ਕੀਤਾ ਜਾਵੇ, ਜਿਸਨੂੰ ਮੈਂ ਸੂਚਿਤ ਕੀਤੇ ਗਏ 03 ਮਹੀਨਿਆਂ ਦੇ ਅੰਦਰ ਜਮ੍ਹਾਂ ਕਰਾ ਦਿਆਂਗਾ।

ਮਿਤੀ: ਦਸਤਖਤ:

.............................................
ਆਰਜ਼ੀਕਰਤਾ ਦਾ ਨਾਮ:
ਈਮੇਲ ਆਈ.ਡੀ.:
ਵਾਟਸਐਪ ਨੰਬਰ:

## ਫਾਰਮ -ਬੀ

ਸੇਵਾ ਵਿਖੇ,

ਅਸਟੇਟ ਅਫਸਰ,
(ਸਬੰਧਤ ਅਥਾਰਟੀ)

ਵਿਸ਼ਾ:- **ਐਮਨੇਸਟੀ ਪਾਲਿਸੀ 2025 ਤਹਿਤ ਰਕਮ ਮੁੜ ਨਿਰਧਾਰਤ ਕਰਨ ਲਈ ਅਰਜ਼ੀ।**

ਸਰ,

1. ਮੈਨੂੰ ……………(ਬਿਨੈਕਾਰ ਦਾ ਨਾਮ) ਐਮਨੇਸਟੀ ਪਾਲਿਸੀ 2025 ਦੇ ਤਹਿਤ ………………………….. ਰਕਮ ਜਮ੍ਹਾਂ ਕਰਨ ਲਈ ਕਿਹਾ ਗਿਆ ਹੈ। ਮੈਂ ਰਕਮ ਜਮ੍ਹਾਂ ਕਰ ਦਿੱਤੀ ਹੈ ਅਤੇ ਪਾਲਿਸੀ ਦੇ ਫਾਇਦੇ ਲੈ ਚੁੱਕਾ/ਚੁੱਕੀ ਹਾਂ।
2. ਹਾਲਾਂਕਿ, ਮੈਨੂੰ ਸੂਚਿਤ ਕੀਤੀ ਗਈ ਗਈ ਰਕਮ ਨਾਲ ਸੰਤੋਖ ਨਹੀਂ ਹੈ। ਇਹ ਸੂਚਿਤ ਕੀਤੀ ਰਕਮ ………………… ਨੂੰ ਲਾਗੂ ਕੀਤੇ ਗਏ ਗਣਨਾਏ ਨਾਲ ਮੇਰੀ ਅਣਸੂਚਿਤੀ ਅਨੁਸਾਰ……………..ਹੋਣੀ ਚਾਹੀਦੀ ਹੈ।

| ਰਕਮ ਦਾ ਵੇਰਵਾ | ਰਕਮ |
|---|---|
| ਮੇਰੇ ਨਾਲ ਸੰਚਾਰਿਤ ਕੀਤੀ ਗਈ ਰਕਮ | |
| ਐਮਨਸਟੀ ਨੀਤੀ ਤਹਿਤ ਮੇਰੀ ਗਿਣਤੀ ਅਨੁਸਾਰ ਭੁਗਤਾਨ ਯੋਗ ਰਕਮ | |
| ਕਾਰਨ: | |

3. ਕਿਰਪਾ ਕਰਕੇ ਮੇਰੇ ਮਾਮਲੇ ਨੂੰ ਕਮੇਟੀ ਦੇ ਸਮੁੱਚੇ ਅਧਿਕਾਰੀਆਂ ਨੂੰ ਰਫਰ ਕੀਤਾ ਜਾਵੇ।
4. ਮੈਂ ਕਮੇਟੀ ਦੇ ਅੰਤਮ ਨਿਰਣਾ ਨੂੰ ਮੰਨਣ ਲਈ ਬੱਝਬੱਧ ਹਾਂ।

ਮਿਤੀ: ਦਸਤਖਤ:…………………………..
ਈਮੇਲ ਆਈ.ਡੀ.:
ਵਾਟਸਐਪ ਨੰਬਰ: